# ਮਹਿਕਦਾ ਬੂਟਾ

(ਗੁਰਸ਼ਰਨ ਭਾਅ ਜੀ ਦੇ ਨਾਂਅ)

ਅਵਤਾਰ ਲੰਗੋਰੀ

ਮੈਂ ਉਸ ਬੂਟੇ ਦਾ
ਨਾਂਅ ਤਾਂ ਸੁਣਿਆ ਸੀ
ਤੇ ਲੰਮੇ ਸਮੇਂ ਤੋਂ ਮੈਂ
ਉਸ ਵੱਲੋਂ ਆਉਂਦੀ ਮਹਿਕ ਨੂੰ ਵੀ
ਮਾਣਿਆ ਸੀ
ਕਈ ਵਾਰੀ ਵਗਦੀ ਪੌਣ ਵਿੱਚੋਂ
ਤੇ ਕਈ ਵਾਰੀ
ਮੋਬਾਇਲ ਵਿਚੋਂ ਉਮੜਦੀਆਂ
ਤਰੰਗਾਂ 'ਚੋਂ
ਪਰ
ਮੈਂ ਤਾਂ ਉਸ ਨੂੰ
ਨੇੜਿਓਂ ਤੱਕਣਾ ਚਾਹੁੰਦਾ ਸੀ
ਤੇ ਮਾਨਣਾ ਚਾਹੁੰਦਾ ਸੀ
ਛਾਂ
ਉਸ ਘਣਛਾਂਵੇਂ ਬੂਟੇ ਦੀ
ਸਮੇਂ ਨੇ ਕਰਵਟ ਬਦਲੀ
ਫਿਰ ਮੈਨੂੰ ਖੁਦ ਹੀ
ਬੂਟੇ ਨੇ ਕੋਲ ਬੁਲਾਇਆ
ਸਮਝਾਇਆ
ਤੇ ਰੜਕ ਨਾਲ ਜੀਣਾ ਸਿਖਾਇਆ
ਆਪਣੇ ਵਾਂਗੂੰ
ਫਿਰ ਕਿਹਾ
ਜਾਹ
ਹੁਣ ਤੂੰ ਵੀ
ਕੁਝ ਹੋਰ ਬੂਟੇ ਉਗਾ
ਤੂੰ ਸਮਰੱਥ ਹੋ ਗਿਐਂ
ਬੂਟੇ ਉਗਾਉਣ ਦੇ।